**ੴ ਸਤਿਗੁਰ ਪ੍ਰਸਾਦਿ ॥**

**ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥**
**ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭॥ {**

ਸਤਿਕਾਰ ਜੋਗ ਸਿੰਘ ਸਾਹਿਬ ਜਥੇਦਾਰ ਕੇਵਲ ਸਿੰਘ ਜੀਓ, **[January, 15- 1999.]**

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਗੁਰੂ ਜੀ ਕੀ ਫਤਿਹ ॥

**੧)** ਆਪ ਜੀ ਨਾਲ ਮੇਲ ਹੋਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ, ਪਰ ਗਿਆਨੀ ਭਗਤ ਸਿੰਘ ਜੀ ਦੇ ਯਤਨਾ ਨਾਲ ਪੁਸਤਕ--**ਬਿੱਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ**--ਜਿਸ ਸਮਾਗਮ ਦੀ ਸਟੇਜ ਤੇ Release ਹੋਈ ਸੀ, ਉਸ ਬਾਰੇ ਬਣੀ ਵੀਡੀਓ ਟੇਪ, ਜਿਸ ਵਿਚ ਆਪ ਜੀ ਦਾ ਭਾਸ਼ਨ ਵੀ ਹੈ ਦਾਸ ਕੋਲ ਪੁੱਜ ਗਈ ਸੀ। ਆਪ ਜੀ ਦੇ ਮਿੱਠੇ ਸੁਭਾਉ ਬਾਰੇ ਅਤੇ ਗੁਰਮਤਿ ਦੀ ਡੂੰਘੀ ਸੂਝ ਬੂਝ ਬਾਰੇ ਸੁਖਦਾਈ ਸੋਆਂ ਆਉਂਦੀਆਂ ਰਹੀਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਜੋਕੇ ਸੇਵਾਦਾਰ ਸਿੰਘ ਸਾਹਿਬ ਰਣਜੀਤ ਸਿੰਘ ਜੀ ਦੇ ਗੁਰਮਤਿ ਵਿਰੋਧੀ ਕਿਰਦਾਰ ਬਾਰੇ ਚਿੱਠੀ ਲਿਖ ਕੇ ਦਾਸ ਨੇ ਗੁਰਮੁਖ ਪਿਆਰੇ ਸ: ਜਸਵਿੰਦਰ ਸਿੰਘ ਜੀ ਐਡਵੋਕੇਟ (-Member S.G.P.C.) ਰਾਹੀਂ ਟੌਹੜਾ ਸਾਹਿਬ ਦੀ ਸੇਵਾ ਵਿਚ ਭੇਜੀ ਸੀ। ਉਨ੍ਹਾਂ ਤੋਂ ਹੀ, ਪਤਾ ਲੱਗਾ ਸੀ ਕਿ, ਉਹ ਚਿੱਠੀ ਆਪ ਜੀ ਨੇ ਅਤੇ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਜੀ ਨੇ ਵੀ ਪੜ੍ਹੀ ਸੀ। ਪੰਜਾਬ ਦੀ ਕਿਸੇ ਅਖ਼ਬਾਰ ਵਿਚ ਤੇ ਨਾ ਛਪ ਸਕੀ ਪਰ ਏਥੇ ਕੈਨੇਡਾ ਵਿਖੇ ਅਖ਼ਬਾਰ ਵਿਚ ਛਪਣ ਦੇ ਨਾਲ ਉਹੀ ਚਿੱਠੀ, ਇੰਟਰ ਨੈਟ ਤੇ ਵੀ ਪੈ ਗਈ । ਕਈਆਂ ਪੁਸਤਕਾਂ ਵਿਚ ਛਪ ਜਾਣ ਦੇ ਕਾਰਨ, ਲੰਗਰ ਵਿਚ ਪਈਆਂ ਕੁਰਸੀਆਂ ਚੁਕਵਾਉਣ ਦੀ ਨਿੱਜੀ ਜ਼ਿੱਦ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀਤੀ ਘੋਰ ਅਵੱਗਿਆ ਨੂੰ ਪੰਥਕ ਤੌਰ ਤੇ ਅੰਮ੍ਰਿਤ ਸਮਝ ਕੇ ਛਕ ਜਾਣ ਵਾਲਾ ਇਹ **ਦੁਖਦਾਈ ਭਾਣਾ,** ਇਤਿਹਾਸ ਦਾ ਸਦੀਵੀ ਅੰਗ ਬਣ ਗਿਆ।

**੨)** ਪਾਵਨ ਪਵਿਤ੍ਰ ਸ੍ਰੀ ਅਕਾਲ ਤੱਖਤ ਦੀ ਜਥੇਦਾਰੀ ਤੋਂ ਉਪਜੇ ਗੰਭੀਰ ਕਿਸਮ ਦੇ ਵਿਵਾਦ ਤੋਂ ਫੁੱਟ ਦਾ ਭਿਆਨਕ ਰੋਗ ਪੱਸਰਦੇ ਜਾਣ ਦੇ ਦੁੱਖ ਤੋਂ, ਅਤੇ ਬਾਕੀ ਚਾਰ ਪਾਵਨ ਤਖ਼ਤ ਸਾਹਿਬਾਨ ਇਸ ਦਾ ਕੋਈ ਸੁਖਾਵਾਂ ਹਲ ਕਰ ਸਕਣ ਤੋਂ ਬੇਬੱਸ ਹੋਏ ਦਿੱਸ ਆਉਣ ਤੋਂ (ਉਪ੍ਰੋਕਤ ਵਰਣਨ ਪੁਸਤਕ ਦਾ ਪਾਠਕਾਂ ਦੇ ਮਨਾਂ ਵਿਚ ਉਚੇਚਾ ਥਾਂ ਬਣਦਾ ਜਾਣ ਦੇ ਕਾਰਨ) ਕਈਆਂ ਗੁਰਮੁਖਾਂ ਵਲੋਂ ਇਨ੍ਹਾਂ ਪਾਵਨ ਤਖ਼ਤ ਸਾਹਿਬਾਨ ਤੇ ਇਤਹਾਸ ਬਾਰੇ ਅਤੇ ਇਨ੍ਹਾਂ ਤੋਂ ਹੋਏ ਜਾਂ ਹੋ ਰਹੇ ਪੰਥਕ ਲਾਭਾਂ ਬਾਰੇ-- ਅਜੇਹੀਆਂ ਪੁੱਛਾਂ ਆ ਰਹੀਆਂ ਹਨ, ਜਿਨ੍ਹਾਂ ਦਾ ਠੀਕ ਠੀਕ ਉੱਤਰ ਦੇ ਸਕਣਾ, ਦਾਸ ਦੇ ਵੱਸ ਦੀ ਗੱਲ ਨਹੀਂ ਹੈ ਜੀ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਾਹਿਬਾ ਸਮੇਤ ਸਾਰੇ ਕੇਂਦਰੀ-ਆਗੂਆਂ ਦੀ ਸੇਵਾ ਵਿਚ ਸੰਨ ੧੯੮੯ ਤੋਂ ਕਈ ਬੇਨਤੀ ਪੱਤਰ ਲਿਖਦਾ ਆ ਰਿਹਾਂ ਹਾਂ, ਪਰ ਕਿਸੇ ਨੇ ਕੋਈ ਹੁੰਗਾਰਾ ਤੱਕ ਨਹੀਂ ਭਰਿਆ। ਆਪ ਜੀ ਦੇ ਮਿਠ-ਬੋਲੜੇ ਠੰਡੇ ਸੁਭਾਵ, ਅਤੇ ਗੁਰਮਤਿ ਦੀ ਡੂੰਘੀ ਜਾਣਕਾਰੀ ਬਾਰੇ ਚੰਗੀਆਂ ਸੋਆਂ ਆਉਂਦੀਆਂ ਰਹਿਣ ਤੋਂ ਗੁਰਮਤਿ-ਸੇਧ ਦੀ ਪ੍ਰਾਪਤੀ ਦੀ ਆਸ ਬੱਝੀ ਤਾਂ ਇਸ ਜੋਦੜੀ-ਪੱਤਰ ਦੁਆਰਾ ਤੁਹਾਡੀ ਸੇਵਾ ਵਿਚ ਹਾਜ਼ਰ ਹੋਇਆਂ ਹਾਂ ਜੀ।

## ੩) ਸ੍ਰੀ ਅਕਾਲ ਤਖ਼ਤ ਸਾਹਿਬ -

ਸੰਤ ਬਣ ਰਹੇ ਸਿੱਖ ਪੰਥ ਵਿਚ ਸੂਰਮਤਾਈ ਦਾ ਜਜ਼ਬਾ ਭਰਨ ਲਈ, ਛੇਵੇ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ **ਪੀਰੀ** ਦੀ [ਨੋਟ:-ਦਾਸ ਦੇ ਮਨ ਵਚ ਪੱਕਾ ਭਰੋਸਾ ਬਣ ਚੁਕਿਆ ਹੈ ਕਿ ਗੁਰਿਆਈ ਦੀ ਜ਼ਿੰਮੇਵਾਰੀ ਸੌਂਪਣ ਸਮੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਗੁਰੂ ਅੰਗਦ ਸਹਿਬ ਜੀ ਨੂੰ ਖੜਗ ਸੌਂਪ ਕੇ ਕ੍ਰਿਪਾਨ ਨੂੰ ਪੀਰੀ ਦੀ ਨਿਸ਼ਾਨੀ ਬਣਾ ਦਿੱਤਾ ਸੀ--ਸਦੰਕੇਤ ਮਾਤ੍ਰ- ?--**ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ।।** ਅਤੇ ਛੇਵੇਂ ਸਰੂਪ ਸਮੇਂ ਮੀਰੀ ਦੀ ਕਿਰਪਾਨ ਵੀ ਮੰਗ ਲਈ ? ਕਿਸੇ ਕੋਲੋਂ ਕੋਈ ਭੁਲ ਨਹੀਂ ਸੀ ਹੋਈ ?] ਕਿਰਪਾਨ ਦੇ ਨਾਲ **ਮੀਰੀ** ਦੀ ਖੜਗ ਵੀ ਧਾਰਨ ਕਰ ਲਈ ਸੀ। ਅਤੇ ਫਿਰ,--ਹਜ਼ਾਰਾਂ ਸਾਲਾ ਦੇ ਨਿਰਦਈ ਬ੍ਰਾਹਮਣ ਦੇ ਕਰਮਕਾਂਡੀ ਜੂਲੇ ਵਿਚ ਫ਼ਸੇ ਰਹਿਣ ਤੋਂ ਨਿਤਾਣੇ ਹੋ ਚੁੱਕੇ ਹਿੰਦੂਆਂ ਤੋਂ ਸਿੱਖ ਬਣ ਰਹਿਆਂ ਵਿਚ ਸੂਰਮਤਾਈ ਦੇ **ਨਾਲ** (ਬ੍ਰਾਹਮਣ ਆਦਿ ਕਥਿਤ ਉੱਚ ਜਾਤੀਆਂ ਦੇ ਹੰਕਾਰੀ ਵਤੀਰੇ ਤੋਂ ਪੀੜਤ, ਹੀਣਤਾ ਦੇ ਅਨੁਭਵ ਵਿਚ ਵਿਚਰ ਰਹੇ-), ਗ਼ਰੀਬ ਨਿਤਾਣੇ ਕਿਰਤੀਆਂ ਦੇ ਮਨਾਂ ਵਿਚ ਸੁਤੰਤਰ ਪਾਤਸ਼ਾਹਾਂ ਵਾਲਾ ਸਵੈਮਾਨ, ਭਰ ਦੇਣ ਲਈ, ਸ਼ਾਹਾਨਾਂ ਡਿੱਠ ਵਾਲਾ ਪੁਸ਼ਾਕਾ ਅਤੇ ਦੈਵੀ ਬਰਕਤਾਂ ਵਾਲੇ ਪਾਵਨ ਸੀਸ ਤੇ ਵਡਮੁੱਲੀ ਸੁੰਦਰ ਕਲਗ਼ੀ ਧਾਰਨ ਕਰ ਲੈਣ **ਦੇ,** ਅਤੇ, **ਪਾਵਨ** ਪਵਿਤ੍ਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਦੇ ਇਤਿਹਾਸ **ਤੋਂ**, ਲਗਪਗ ਸਾਰਾ ਸਿੱਖ ਜਗਤ ਜਾਣੂ ਹੈ ਪਰ ਬਾਕੀ ਚਾਰ ਤਖ਼ਤ ਸਾਹਿਬਾਨ ਦੀ ਸਿਰਜਣਾ ਬਾਰੇ ਪੁੱਛੇ ਜਾ ਰਹੇ ਪ੍ਰਸ਼ਨਾਂ ਦੇ ਗੁਰਮਤਿ ਅਨੁਸਾਰ ਉੱਤਰ ਸਮਝਣ ਲਈ ਇਸ ਚਿੱਠੀ ਰਾਹੀਂ ਤੁਹਾਡਯ ਦਰ ਤੇ ਪੁੱਜਾ ਹਾਂ। ਸ਼ੰਕਿਆਂ ਦਾ ਵੇਰਵਾ ਇਸ ਪ੍ਰਕਾਰ ਹੈ ਜੀ--

(ੳ) ਕੀ, ਖ਼ਾਲਸਾ ਜੀ ਨੇ ਇਹ (ਚਾਰ) ਪਾਵਨ ਤਖ਼ਤ--ਸਿਆਸੀ ਸ਼ਕਤੀ ਪ੍ਰਾਪਤ ਕਰਨ ਦੀ ਪ੍ਰੇਰਨਾਂ ਲਈ ਸਿਰਜੇ ਹਨ ਕਿ, ਜਾਂ ਇਹ ਪਾਵਨ ਪਵਿੱਤ੍ਰ ਤਖ਼ਤ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵਾਂਗ ਰੱਬੀ " ਹੁਕਮਾਉ " ਦੀ ਸੋਝੀ ਕਰਵਾਉਣ ਲਈ ਬਣੇ ਅਕਾਲ

ਪੁਰਖ ਜੀ ਦੀ ਹਕੂਮਤ ਦੀ ਨਮਾਇੰਦਗੀ ਦੇ ਪ੍ਰਤੀਕ ਹਨ ?

(ਅ) **ਇਤਿਹਾਸ ਗਵਾਹ ਹੈ-ਕਦੇ** ਅੰਗਰੇਜ਼ ਦੇ ਰਾਜ ਵਿਚ ਸੂਰਜ ਨਹੀਂ ਸੀ ਡੁੱਬਦਾ । ਸੰਸਾਰ ਦੇ ਕਈ ਦੇਸ਼ਾਂ ਵਿਚ ਰਾਜ ਕਰ ਰਹੇ ਅੰਗ੍ਰੇਜ਼ ਦੀ ਵਿਸ਼ਾਲ ਹਕੂਮਤ ਦਾ ਤਖ਼ਤ ਇੰਗਲੈਂਡ ਹੀ ਰਿਹਾ। ਦਿੱਲੀ ਦੇ ਸਮਰਾਟ ਆਗਰੇ ਲਾਹੌਰ ਅਤੇ ਹੋਰ ਕਈ ਥਾਂਈ ਟਿਕਦੇ ਰਹੇ ਸਨ-- ਪਰ ਭਾਰਤ ਦੇਸ਼ ਦੇ ਰਾਜ ਦਾ ਤਖ਼ਤ ਅਥਵਾ **ਤਖ਼ਤ- ਏ--ਤਾਊਸ** ਦਿੱਲੀ ਹੀ ਟਿਕਿਆ ਰਿਹਾ ਸੀ ? ਸਪੱਸ਼ਟ ਹੈ ਕਿ ਕੋਈ ਵੀ ਹਕੂਮਤਿ ਇੱਕ ਤੋਂ ਵੱਧ ਤਖ਼ਤ ਬਣਾ ਲੈਣ ਵਿਚ ਆਪਣੀ ਸਲਾਮਤੀ ਨਹੀਂ ਮੰਨਦੀ । ਇੱਕ ਤੋਂ ਵੱਧ ਤਖ਼ਤ ਫੁੱਟ ਦੇ ਪ੍ਰਤੀਕ ਤਾਂ ਹੋ ਸਕਦੇ ਹਨ, ਰਾਜ ਦੀ ਸ਼ਕਤੀ ਵਧਾਉਣ ਦੇ ਕੰਮ ਕਦੇ ਨਹੀਂ ਆ ਸਕਦੇ । ਖ਼ਲਸਾ ਜੀ ਨੇ ਚਾਰ ਤੱਖਤ ਬਣਾ ਕੇ ਕੌਮ ਨੂੰ ਕੀ, ਲਾਭ ਪੁਚਾਇਆ ਅਥਵਾ ਜਗਤ ਨੂੰ ਕੀ ਉਪਦੇਸ਼ ਦਿੱਤਾ ਹੈ ਜੀ ?

**(ੲ)** ਜੇ ਅਸੀਂ ਇਨ੍ਹਾਂ ਚੌਹਾਂ ਤਖ਼ਤਾਂ ਨੂੰ ਅਕਾਲ ਪੁਰਖ ਜੀ ਦੇ ਰਾਜ ਦੇ ਪ੍ਰਤੀਕ ਮੰਨਦੇ ਹਾਂ ਤਾਂ ਕੀ, ਅਸੀਂ ਗੁਰਮਤਿ ਦੀ ਘੋਰ ਖੰਡਨਾਂ ਨਹੀਂ ਕਰ ਰਹੇ ਹੋਵਾਂਗੇ ਜੀ ? ਕਿਉਂਕਿ ਕਰਤੇ ਪੁਰਖ ਦਾ ਤਖ਼ਤ, ਉਸ ਦੀ ਸਮੂਹ ਸਿਰਜਣਾ ਹੈ ? ਕਣ ਕਣ ਵਿਚ ਵਿਆਪਕ, **ਕਰਣ** ਅਤੇ **ਕਾਰਣ**--ਸਭ ਕੁਝ ਆਪੇ ਆਪ--**ਸਿਰਜਣਹਾਰ,** ਅਕਾਲਪੁਰਖ ਲਈ ਕੀ, ਮਨੁੱਖੀ ਹੱਥਾਂ ਨਾਲ ਕੋਈ ਮੰਦਰ ਜਾਂ ਤਖ਼ਤ ਕਦੇ ਬਣਾਇਆ ਜਾ ਸਕਦਾ ਹੈ ਜੀ ? ਵੱਡੇ ਤੋਂ ਵੱਡੇ ਸੁੰਦਰ ਮਹਿਲ ਨੂੰ ਹਰੀ ਦਾ ਮੰਦਰ ਮਿਥ ਲੈਣ **ਦਾ ਵਿਚਾਰ ਵੀ, ਕੀ,** ਕਾਬੇ ਵੱਲ ਪੈਰ ਪਸਾਰ ਕੇ ਸੰਸਾਰ ਨੂੰ ਮਡਮੁੱਲਾ ਉਪਦੇਸ਼ ਦੇਣ ਵਾਲੇ ਅਨੁਪਮ ਸਤਿਗੁਰੂ ਨਾਨਕ ਸਾਹਿਬ ਜੀ ਦੀ ਨਿੱਜੀ ਹੇਠੀ ਕਰਨ ਵਾਲੀ ਮੂਰਖਤਾਈ ਤਾਂ ਨਾ ਹੋਵੇਗੀ ਜੀ ? ਹਰੀ-ਨਾਮ-ਅੰਮ੍ਰਿਤ ਦੇ ਅਥਾਹ ਸਰੋਵਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੱਖਾਂ ਦੀ ਕੁੱਲੀ ਨੂੰ ਵੀ ਹਰੀਮੰਦਰ ਬਣਾ ਦਿੰਦਾ ਹੈ, ਪਰ ਨਾਮ ਤੋਂ ਬਿਨਾਂ ਕੀ, ਸੋਨੇ ਦੇ ਮਹਿਲਾਂ ਨੂੰ ਵੀ ਸਤਿਗੁਰਾਂ ਨੇ ਉਜਾੜ ਨਹੀਂ ਮੰਨਿਆ ਜੀ ? ----ਵ

**ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥ ਸੇ ਅਸਥਲ ਸੋਇਨ ਚਉਬਾਰੇ ॥**
**ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ ॥ ੧ ॥**

## ੪) ਸੰਕਿਆਂ ਦਾ ਦੂਜਾ ਪੱਖ--

(ੳ) ਬਠਿੰਡੇ ਦੇ ਡਾਕਟਰ ਸਾਹਿਬ (ਜੁਗਰਾਜ ਸਿੰਘ ਜੀ) ਦੇ ਨਾਲ ਦਾਸ ਉਨ੍ਹਾਂ ਦਿਨਾਂ ਵਿਚ ਆਪ ਜੀ ਦੇ ਅਜੋਕੇ ਨਿਵਾਸ ਅਸਥਾਨ, ਸ੍ਰੀ ਦਮਦਮਾ ਸਾਹਿਬ ਜੀ ਦੇ ਦਰਸ਼ਨਾਂ ਲਈ ਉਦੋਂ ਕੁ ਪੁੱਜਾ ਸੀ ਜਦ ਅਜੇ ਗੁਰਦੁਆਰਾ ਸਾਹਿਬ ਦੇ ਹਾਲ ਦੇ ਅੰਦਰ ਹੀ ਛੋਟੇ ਰੂਪ ਵਾਲਾ (ਵੇਲਾ-ਟਪਾਊ ?) ਪਾਵਨ ਤਖ਼ਤ ਸਾਹਿਬ ਸਿਰਜਿਆ ਹੋਇਆ ਸੀ। ਤਖ਼ਤ ਸਾਹਿਬ ਦੇ ਸੇਵਾਦਾਰ ਜੀ ਨੇ ਸਾਨੂੰ ਇਕ ਮੋਹਰ **(Stamp)** ਦੇ ਦਰਸ਼ਨ ਕਰਾਏ ਅਤੇ ਸਮਝਾਇਆ ਕਿ--" ਇਸ ਮੋਹਰ ਦਾ ਏਥੋਂ ਪ੍ਰਾਪਤ ਹੋਣਾ ਸਿੱਧ ਕਰਦਾ ਹੈ ਕਿ ਦਸ਼ਮੇਸ਼ ਜੀ ਇਸ ਥਾਂ ਤੇ ਹੁਕਮਨਾਮੇ ਵੀ ਲਿਖਿਆ ਕਰਦੇ ਸਨ। ਸੋ, ਜਿਥੋਂ ਵੀ ਸਤਿਗੁਰੂ ਪਾਤਸ਼ਾਹ ਜੀ ਤਾ ਹੁਕਮ ਜਾਰੀ ਹੋਵੇ ਖ਼ਾਲਸਾ ਪੰਥ ਨੇ ਉਸ ਥਾਂ ਨੂੰ ਤਖ਼ਤ ਮੰਨਿਆਂ ਹੈਂ" । ਸੇਵਾਦਾਰ ਜੀ ਨੇ ਤਖ਼ਤ ਸਾਹਿਬ ਦੀ ਜੋ ਵਿਆਖਿਆ ਸਮਝਾਈ ਕੀ, ਉਹ ਠੀਕ ਹੈ ਜੀ? ਕੀ, ਹੁਕਮ ਲਿਖੇ ਜਾਣ ਵਾਲੀ ਥਾਂ ਤਖ਼ਤ ਬਣ ਜਾਂਦਾ ਹੈ ਜੀ ?

(ਅ) ਜੇ ਏਹੀ ਸੱਚ ਹੈ ਤਾਂ, ਕੀ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਜੀ ਦੀ ਸਿਰਜਣਾ ਇਸ ਕਰਕੇ ਕੀਤੀ ਸੀ ਕਿ, ਉਹ ਬੈਠ ਕੇ ਲੋਕਾਂ ਦੇ ਨਾਮ ਫ਼ੁਰਮਾਨ ਜਾਰੀ ਕਰਿਆ ਕਰਨਗੇ ਜੀ ? ਫਿਰ ਕੀ ਕੀਰਤ ਪੁਰ ਸਾਹਿਬ ਨਿਵਾਸ ਕਰਦੇ ਸਮੇ ਸਤਿਗੁਰਾਂ ਨੇ ਕੋਈ ਵੀ ਫ਼ੁਰਮਾਨ ਨਹੀਂ ਸੀ ਲਿਖਿਆ ? ਕੀ, ਸਤਿਗੁਰਾਂ ਦੀ ਸਿਖਿਆ, ਉਨ੍ਹਾਂ ਦਾ ਉਪਦੇਸ਼ ਸਾਡੇ ਲਈ ਹੁਕਮ ਨਹੀਂ ਹੁੰਦਾ ਜੀ ?

(ੲ) ਜੇ ਹੁਕਮ ਜਾਰੀ ਹੋਣ ਵਾਲੇ ਥਾਂ ਤੇ ਤਖ਼ਤ ਬਣਾਏ ਜਾਣੇ ਹੀ ਪੰਥ ਨੇ ਤਖ਼ਤ ਬਨਾਉਣ ਦਾ ਅਸੂਲ ਬਣਾਇਆ ਸੀ ਤਾਂ, ਜੰਗ ਦੇ ਮੈਦਾਨ ਵਿਚ ਫੌਜਾਂ ਦੀ ਅਗਵਾਈ ਕਰਦੇ ਸਮੇਂ-ਸ਼ਾਹੀ ਰਥਾਂ ਤੋਂ, ਹਾਥੀਆਂ ਦੀ ਪਿੱਠਾਂ ਤੋ ਅਥਵਾਂ ਘੋੜਿਆਂ ਦੀਆਂ ਕਾਠੀਆਂ ਤੋਂ **ਕੀ,**-- ਰਾਜੇ, ਮਹਾਰਾਜੇ, ਅਤੇ ਫਿਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਥਵਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ--ਕਈ ਬੜੇ ਜ਼ਰੂਰੀ ਫ਼ੁਰਮਾਨ ਜਾਰੀ ਨਹੀਂ ਸਨ ਕਰਦੇ ਰਹੇ ? ਕੀ, ਫਿਰ ਉਹ ਥਾਂ ਵੀ ਤਖ਼ਤ ਹੀ ਨਹੀਂ ਸਨ ਮੰਨੇ ਜਾਣੇ ਜੀ ?

(ਸ) ਜੇ ਤਖ਼ਤ ਉਸੇ ਥਾਂ ਤੇ ਹੀ ਬਣ ਰਹੇ ਸਨ ਜਿਥੋਂ ਸਤਿਗੁਰਾਂ ਨੇ ਕੋਈ ਹੁਕਮ ਲਿਖਿਆ ਸੀ, ਤਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ **ਕੀ**-- ਸਭ ਤੋਂ ਸ੍ਰੇਸ਼ਟ **ਹੁਕਮ** ਨਹੀਂ ਹਨ ?--**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥** ਇਸ ਕੀਟ ਨੂੰ ਸਮਝਾ ਦੇਣ ਦੀ ਮਿਹਰ ਕਰ ਭੇਜੋ ਕਿ, " ਰਾਮਸਰ ਸਰੋਵਰ ", ਜਿੱਥੇ ਪੰਚਮ ਪਾਤਿਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ-ਰੂਪ-- **ਹੁਕਮਾਉ** ਦੀ ਸਿਰਜਣਾ ਸੰਪਾਦਨਾ--ਕੀਤੀ ਸੀ-- ਉਸ ਥਾਂ ਤੇ ਮਹਾਨ ਤਖ਼ਤ ਕਿਸ ਦਲੀਲ ਨਾਲ ਨਾ ਸਿਰਜਿਆ ਗਿਆ ?

(ਹ) ਇਤਿਹਾਸਕ ਤੱਥਾਂ ਤੋਂ ਸਪੱਸ਼ਟ ਹੈ, ਕਿ ਪਟਨਾ ਸਾਹਿਬ ਵਿਖੇ ਜਿਸ ਥਾਂ ਪਾਵਨ ਤਖ਼ਤ ਸਾਹਿਬ ਜੀ ਸਸ਼ੋਬਤ ਹਨ, ਉਸ ਪਾਵਨ ਥਾਂ ਤੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਜੋਤਿ ਜੁਗਤਿ ਦਾ ਮਾਲਕ ਬਣਨ ਉਪ੍ਰੰਤ, ਕਿਸੇ ਵੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕੋਈ ਫ਼ੁਰਮਾਨ ਨਹੀਂ ਸੀ ਲਿਖਿਆ। ਕੀ, ਇਸ ਤੋਂ ਤਖ਼ਤ ਦੀ ਸਿਰਜਣਾ ਲਈ ਹੁਕਮ ਲਿਖੇ ਜਾਣ ਵਾਲੇ ਨਿਯੱਮ ਦੀ ਗੱਲ ਝੂਠ ਨਹੀਂ ਬਣ ਜਾਂਦੀ ਜੀ ?

**੫)** ਜੇ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੇ ਮਾਲਕ ਸਤਿਗੁਰੂ ਜੀ ਦੇ ਜਨਮ ਅਸਥਾਨ ਨੂੰ ਤਖ਼ਤ ਬਣਾਏ ਜਾਣ ਦਾ ਸਿਧਾਂਤ ਮੰਨ ਲਿਆ ਜਾਵੇ, ਤਾਂ ਅਜੇਹਾ ਪਰਮ ਪਾਵਨ ਅਸਥਾਨ ਕੇਵਲ ਅਤੇ ਕੇਵਲ ਨਨਕਾਣਾ ਸਾਹਿਬ ਹੀ ਹੈ। [ਨੋਟ--ਸ੍ਰੀਮਾਨ ਪੰਥ ਰਤਨ ਵਿਦਿਆਮਾਰਤੰਡ ਸੰਤ

ਗਯਾਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਗੁਰਬਾਣੀ ਪਾਠ ਦਰਸ਼ਨ ਗ੍ਰੰਥ ਦੇ ੧੩ ਸਫ਼ੇ ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਬਾਰੇ =**ਗੱਦੀ ਸਮਾਂ--- ਆਦਿ ਤੋਂ ਹੀ ਗੁਰੂ ਸਰੂਪ ਪ੍ਰਗਟੇ**---ਲਿਖਿਆ ਹੈ । ੧੪ ਤੋ ੨੨ ਸਫ਼ੇ ਤੱਕਂ ੯ ਗੁਰੂ ਸਾਹਿਬਾਨ ਨੂੰ ਗੁਰਿਆਈ ਮਿਲਣ ਦੀ ਬਾਕਾਇਦਾ ਸੰਮਤ ਅਤੇ ਤਾਰੀਖ਼ ਲਿਖੀ ਹੋਈ ਹੈ ] ਲਗ-ਪਗ ਸਾਰੇ ਇਤਿਹਾਸ-ਕਾਰਾਂ ਨੇ ਦਸ ਸਤਿਗੁਰਾਂ ਵਿਚੋਂ ਕੇਵਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਹੀ ਜਨਮ-ਸਿੱਧ ਗੁਰੂ ਲਿਖਿਆ ਹੈ। ਬਾਕੀ ਸਾਰੇ (ਬਾਬਾ ਲਹਿਣਾ ਜੀ ਦੇਵੀ ਦੀ ਪੂਜਾ ਤਿਆਗ ਕੇ ਅਤੇ ਬਾਬਾ ਅਮਰਦਾਸ ਜੀ ਗੰਗਾ-ਮੱਯਾ ਦੀ ਪੂਜਾ ਭੁੱਲ ਕੇ) ਗੁਰੂ ਨਾਨਕ ਸਾਹਿਬ ਜੀ ਦੇ ਘਰ ਦੇ ਟਹਿਲੂਏ ਸਿਦਕੀ ਸਿੱਖ ਬਣੇ ਸਨ। ਭਾਵ ਦਸ਼ਮੇਸ਼ ਜੀ ਤੱਕ ਗੁਰਿਅਈ ਪ੍ਰਾਪਤ ਹੋਣ ਦੇ ਉਪ੍ਰੰਤ ਹੀ ਗੁਰੂ ਨਾਨਕ ਸਾਹਿਬ ਦੀ ਜੋਤਿ ਜੁਗਤਿ ਦੇ ਮਾਲਕ ਪੂਰਨ ਸਤਿਗੁਰੂ ਬਣਦੇ ਰਹੇ ਸਨ। ਪਹਿਲਾਂ ਸਤਿਗੁਰਾਂ ਦੇ ਸਾਹਿਬਜ਼ਾਦੇ ਵੀ ਗੁਰੂ ਸਿੱਖਾਂ ਦੇ ਗੁਰੂ-ਭਾਈ ਹੀ ਸਨ । ਸਪੱਸ਼ਟ ਹੈ ਕਿ ਪਟਨਾ ਸਾਹਿਬ ਵਿਖੇ ਬਣੇ ਪਾਵਨ ਤਖ਼ਤ ਤੋਂ ਇਹ ਦੂਜਾ ਸਿਧਾਂਤ ਵੀ ਗ਼ਲਤ ਸਿੱਧ ਹੁੰਦਾ ਹੈ।

ਅਸੀਂ ਇਸ ਕਥਨ ਨੂੰ ਵੀ ਕਿਸੇ ਅਕੱਟ ਦਲੀਲ ਨਾਲ ਰੱਦ ਨਹੀਂ ਕਰ ਸਕਦੇ ਕਿ, ਸਤਿਗੁਰਾਂ ਦੇ ਜੋਤੀ ਜੋਤਿ ਸਮਾਉਣ ਵਾਲੀ ਥਾਂ ਜਾਂ ਸ਼ਹੀਦੀ ਵਾਲੀ ਤੇ ਤਖ਼ਤ ਬਣਾਉਣ ਦੇ ਸਿਧਾਂਤ ਦੀ ਗੱਲ ਵਿਚ ਵੀ ਕੋਈ ਸਾਹ-ਸਤ ਨਹੀਂ ਹੈ ।

**੬)** **ਸ੍ਰੀ ਅਕਾਲ ਸਹਾਇਆ** ਸੁਸਾਇਟੀ ਅੰਮ੍ਰਿਤਸਰ ਰਾਹੀ ਆਪ ਜੀ ਦੀ ਸੇਵਾ ਵਿਚ ਪੁੱਜ ਚੁੱਕੇ ਸ੍ਰੀ ਬਿਚਿੱਤ੍ਰ ਨਾਟਕ ਬਾਰੇ ਲਿਖੇ ਖਰੜੇ ਵਿਚ ਸਪੱਸ਼ਟ ਕੀਤਾ ਗਿਆ ਹੋਇਆ ਹੈ ਕਿ--ਸ੍ਰੀ ਬਿਚਿੱਤਰ ਨਾਟਕ ਦੇ ਪੰਜਵੇਂ ਅਧਿਆਇ ਦੀ--" **ਸਤਵੀਂ ਚੌਪਈ ਤੋਂ ਦਸਵੀਂ ਚੌਪਈ ਤੱਕ** " ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ--**ਜੋਤਿ ਓਹਾ ਜੁਗਤਿ ਸਾਇ**--ਵਾਲੀ ਦੈਵੀ ਮਰਯਾਦਾ, ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਤੱਕ ਪੁੱਜਦੀ ਦਰਸਾ ਕੇ ਉਨ੍ਹਾਂ ਚੋਹਾਂ ਸਤਿਗੁਰਾਂ ਨੂੰ ਉਸੇ ਇੱਕ ਜੋਤਿ ਦੇ ਮਾਲਕ ਦਰਸਾਇਆ ਹੋਇਆ ਹੈ । [ਕਾਰਨ ਦਾ ਤੁਹਾਨੂੰ ਪਤਾ ਹੀ ਹੈ ਕਿ,, ਸ੍ਰੀ ਬਿਚਿਤ੍ਰ ਨਾਟਕ ਜੀ ਦੀ ਕਹਾਣੀ ਅਨੁਸਾਰ ਹਜ਼ਾਰਾਂ ਸਾਲ ਪਹਿਲਾਂ, ਕਥਿਤ ਬੇਦੀ ਕੁਲ ਰਾਜੇ ਤੋਂ ਕਥਿਤ ਸੋਢੀ ਕੁਲ ਰਾਜੇ ਨੇ, ਚੌਥਾ ਵੇਦ ਸੁਣ ਕੇ ਰਾਜ ਦਿੱਤਾ ਤਾਂ ਬੇਦੀ ਰਾਜੇ ਨੇ ਸੋਢੀ ਰਾਜੇ ਨਾਲ ਬਚਨ ਕਰ ਲਿਆ ਕਿ ਉਹ ਕਲਜੁਗ ਵਿਚ ਜਿਸ ਗੁਰਿਆਈ-ਰੂਪ ਰਾਜ ਦੇ ਮਾਲਕ ਬਣਨਗੇ ਉਹ ਰਾਜ ਸੋਢੀ ਕੁਲ ਵਿਚ ਜਨਮੇ ਉਸੇ ਰਾਜੇ ਨੂੰ ਹੀ ਸੌਂਪ ਕੇ ਸੰਸਾਰ ਦਾ ਤਿਆਗ ਕਰਨਗੇ ] ਪਹਿਲਾਂ ਗੁਰੂ ਨਾਨਕ ਸਾਹਿਬ ਜੀ ਨੂੰ ਅਥਵਾ ਗੁਰੂ ਅਗੰਦ ਸਾਹਿਬ ਜੀ ਨੂੰ ਜੋਤੀ ਜੋਤਿ ਸਮਾਉਂਦੇ ਅਥਵਾ ਸੁਰਲੋਕ ਨੂੰ ਜਾਂਦੇ ਨਹੀਂ ਦਰਸਾਇਆ। ਪਰ ਜਦੋਂ ਹੀ ਗੁਰੂ ਅਮਰਦਾਸ ਜੀ ਨੇ ਸੋਢੀ ਕੁਲ ਅਮਰਦਾਸ ਜੀ ਨੂੰ ਗੁਰਿਆਈ ਸੌਂਪ ਦਿੱਤੀ ਤਾਂ ਅਠਵੀ ਚੌਪਈ ਦੀ ਅੰਤਲੀ ਸਤਰ ਇਉਂ ਹੈ--**ਅਮਰਦਾਸ ਸੁਰਪੁਰਿ ਮਗੁ ਲੀਆ ॥ (ਭਾਵ, ਅਮਰਦਾਸ ਨੇ ਦੇਵਲੋਕ ਦਾ ਰਾਹ ਫੜਿਆ) ਨੌਵੀ** ਅਤੇ **ਦਸਵੀਂ** ਚੋਪਈ ਵਿਚ ਇਨ੍ਹਾਂ ਚੌਹਾਂ ਗੁਰੂ ਸਾਹਿਬਾਨ ਨੂੰ ਕੇਵਲ ਇੱਕ (ਸ੍ਰੀ ਗੁਰੂ ਨਾਨਕ ਜੀ ਦਾ ਹੀ) ਰੂਪ ਜਾਨਣ ਦੀ ਤਾਕੀਦ ਲਿਖੀ ਹੋਈ ਹੈ।

ਅੱਗੇ ੧੧ਵੀ ਤੇ ੧੨ਵੀਂ ਦੋ ਚੋਪਈਆਂ ਵਿਚ ਪੰਚਮ ਪਾਤਸ਼ਾਹ ਜੀ ਤੋਂ ਨੌਵੇਂ ਪਾਤਸ਼ਾਹ ਜੀ ਤੱਕ, ਸਾਰੇ ਸਤਿਗੁਰੂ ਸਾਹਿਬਾਨ ਨੂੰ ਇੱਕ ਦੇ ਮਗਰੋਂ ਦੂਜੇ ਨੂੰ, ਨਾਲੋ ਨਾਲ ਜੋਤੀ ਜੋਤਿ ਸਮਾਉਂਦੇ ਅਥਵਾ ਦੇਹ ਤਿਆਗਦੇ ਦਰਸਾਇਆ ਹੋਇਆ ਹੈ।:--

ਰਾਮਦਾਸ ਹਰਿ ਸੋ ਮਿਲ ਗਏ ॥ ਗੁਰਤਾ ਦੇਤ ਅਰਜਨਹਿ ਭਏ । ਜਬ ਅਰਜਨ ਪ੍ਰਭ ਲੋਕ ਸਿਧਾਏ ॥ ਹਰਿ ਗੋਬਿੰਦ ਤਿਹਨਾਂ ਠਹਿਰਾਏ ॥ ੧੧ ॥
ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ ॥ ਹਰੀਰਾਇ ਤਿਹ ਠਾਂ ਬੈਠਾਰੇ । ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ ॥ ਤਿਨ ਤੇ ਤੇਗ ਬਹਾਦਰ ਭਏ ॥ ੧੨ ॥

ਭਾਵ, ਪੰਜਵੇਂ ਤੋਂ ਨੌਵੇਂ ਸਤਿਗੁਰੂ ਸਾਹਿਬਾਨ ਜੀ ਤੱਕ ਸਾਰੇ, ਸਤਿਗੁਰ ਜੀ, ਸ੍ਰੀ ਗੁਰੂ ਨਾਨਕ ਜੀ ਦੀ ਜੋਤਿ ਜੁਗਤਿ ਤੋਂ ਬਿਨਾ ਹੀ ਵਿਚਰੇ ਦਰਸਾਏ ਹੋਏ ਹਨ। ਜੇ ਕਥਿਤ ਤੌਰ ਤੇ ਸਾਰੇ ਸਤਿਗੁਰਾਂ ਦੇ ਇੱਕ ਰੂਪ ਹੋਣ ਦੀ ਲੋੜ ਸਮਝੀ ਹੁੰਦੀ ਤਾਂ ਦਸ਼ਮੇਸ਼ ਜੀ ਦਾ ਜ਼ਿਕਰ ਵੀ ਜ਼ਰੂਰ ਕਰਨਾ ਸੀ ।

ਸ੍ਰੀ ਬਿਚਿਤ੍ਰ ਨਾਟਕ ਦੇ ਅਗਲੇ ਛੇਵੇਂ ਹੀ ਅਧਿਆਇ ਵਿਚ, ਦਸ਼ਮੇਸ਼ ਜੀ ਨੂੰ ਅਕਾਲ ਪੁਰਖ ਤੋਂ ਹੀ ਬਰਕਤਾਂ ਅਤੇ ਅਸੀਸਾਂ ਲੈ ਕੇ ਸੰਸਾਰ ਵਿਚ ਨਵਾਂ ਪੰਥ ਚਲਾਉਣ ਲਈ ਆਏ ਸਿੱਧ ਕੀਤਾ ਹੋਇਆ ਹੈ। ਅਸੀਂ ਜ਼ਬਾਨੀ ਭਾਵੇਂ ਦਸ਼ਮੇਸ਼ ਜੀ ਨੂੰ ਦਸਵੇਂ ਗੁਰੂ ਨਾਨਕ ਜੀ ਹੀ ਕਹਿ ਰਹੇ ਹਾਂ, ਪਰ ਇਸ ਵਿਚ ਜ਼ਰਾ ਵੀ ਅਤਿ-ਕਥਨੀ ਨਹੀਂ ਕਿ, ਲਗ-ਪਗ ਸਾਰੇ ਸਿੱਖ ਜਗਤ ਨੇ ਵਾਸਤਵ ਵਿੱਚ, ਦਸ਼ਮੇਸ਼ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਜੁਗਤਿ ਦੀ ਮੁਥਾਜੀ ਤੋਂ ਮੁਕਤ, ਧੁਰੋਂ ਸ਼ਕਤੀਆਂ ਦੇ ਮਾਲਕ ਬਣ ਕੇ ਅਕਾਲਪੁਰਖ ਦੀ ਨਿੱਜੀ ਅਸ਼ੀਰਵਾਦ ਲੈਣ ਉਪ੍ਰੰਤ **ਨਵਾਂ ਪੰਥ ਚਲਾਉਣ ਆਏ ਹੀ ਹਿਰਦੇ ਤੋਂ ਮੰਨ ਲਿਆ ਹੋਇਆ ਹੈ**। ਦਸ਼ਮੇਸ਼ ਜੀ ਦੇ ਹੀ ਪਾਵਨ ਅਸਥਾਨ ਦੇ ਬਿਰਾਜਮਾਨ--ਹੇ ਸਤਿਕਾਰੇ ਹੋਏ ਸਿੰਘ ਸੋਹਿਬ ਜੀਓ ! ਕਲਗ਼ੀਧਰ ਜੀ ਦੇ ਹੀ ਚਰਨਾਂ ਦਾ ਧਿਆਨ ਧਰ ਕੇ ਸੱਚ ਸੱਚ ਲਿਖੋ ਕਿ **ਕੀ**, ਚਾਰੇ ਤਖ਼ਤ ਦਸ਼ਮੇਸ਼ ਜੀ ਦੇ ਨਾਮ ਨਾਲ ਜੁੜੀਆਂ ਥਾਵਾਂ ਤੇ ਬਣਾਏ ਜਾਣ ਦਾ ਕੇਵਲ ਮਾਤ੍ਰ ਕਾਰਨ ਏਹੀ ਨਹੀਂ ਹੈ ਜੀ ?

**੭)** ਤੁਸੀਂ ਭਲੀ ਭਾਂਤੀ ਜਾਣਦੇ ਹੀ ਹੋ ਕਿ, ਕੇਦੇ ਮੈਲਾ ਨਾ ਹੋਣ ਵਾਲਾ ਅਤੇ ਕਦੇ ਨਾ ਟੁਟਣ ਵਾਲਾ, ਜਨੇਊ ਮੰਗ ਲੈਣ ਵਾਲੇ ਦਿਨ ਤੋ ਹੀ ਬ੍ਰਾਹਮਣ ਵਰਗ, ਸਤਿਗੁਰੂ ਨਾਨਕ ਸਾਹਿਬ ਜੀ ਦੀ ਜਾਨ ਦਾ ਵੈਰੀ ਬਣ ਖਲੋਤਾ ਸੀ। ਫਿਰ ਇਹ ਵੀ ਸੱਚ ਹੈ ਕਿ ਬਟਾਲੇ ਵਿਖੇ ਸ਼ਾਦੀ ਸਮੇ ਬ੍ਰਾਹਮਣਾਂ ਨੇ ਰਲ ਕੇ ਸਤਿਗੁਰਾਂ ਤੇ (ਕੰਧ ਹੇਠ ਦੇਣ ਦੇ ਯਤਨਾ ਵਾਲਾ) ਜਾਨ-ਲੇਵਾ ਵਾਰ ਵੀ ਕੀਤਾ ਸੀ। ਫਿਰ ਗੁਰਬਾਣੀ ਵਿਚ ਰਲੇ ਪਾਉਣ ਤੋਂ ਅਸਮਰੱਥ ਰਹਿ ਜਾਣ ਤੇ ਸਾਨੂੰ ਗੁਰੂ ਬਾਣੀ ਦੇ ਗਿਆਨ ਤੋਂ ਅਣਜਾਣ ਰੱਖ ਕੇ, ਗੁਰੂ ਸਾਹਿਬਾਨ ਵਿਚ ਵਿਚਰ ਰਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਵਾਲੀ ਜੋਤਿ ਜੁਗਤ ਵਾਲੇ ਵਿਸ਼ਵਾਸ਼ ਤੋਂ ਤੋੜ ਲੈਣ ਦੀ ਸੱਧਰ ਵਿਚ ਇਹ ਬਿੱਪ੍ਰ, ਕਈ ਤਰ੍ਹਾਂ ਦੇ ਪਾਪੜ ਵੇਲਦਾ ਆ ਰਿਹਾ ਸੀ। ਅੰਤ ਨੂੰ ਜਦ ਆਪਣੇ ਵੈਰੀ ਦੀਆਂ ਹੀ ਸੱਧਰਾਂ ਪੂਰੀਆਂ ਕਰਨ ਹਿੱਤ ਗੁਰਮਤਿ ਦੀ ਪਰਵਾਹ ਨਾ ਕੀਤੀ ਅਤੇ--**ਕੇਵਲ ਦਸ਼ਮੇਸ਼ ਜੀ ਦੇ ਹੀ ਨਾਮ ਨਾਲ ਜੁੜੀਆਂ ਥਾਂਵਾਂ ਤੇ ਚਾਰੇ ਤਖ਼ਤ ਬਣਾ ਲਏ ਤਾਂ** (ਸਿੱਖ ਜਗਤ ਨਾਲ ਸੰਬਧਤ) ਅਸੀਂ ਸਾਰੇ ਸਿੱਖ-- ਇਸ ਇਲਜ਼ਾਮ ਤੋਂ---( " **ਦਸਾਂ ਗੁਰੂ ਸਾਹਿਬਾਨ ਨੂੰ ਇੱਕ ਹੀ ਜੋਤਿ ਜੁਗਤਿ ਦੇ ਮਾਲਕ ਹੋਣ ਦਾ ਢੰਡੋਰਾ ਦੇਣ ਵਾਲੇ ਇਨ੍ਹਾਂ ਸਿੱਖਾਂ ਨੇ-- ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਬਾਕੀ ਗੁਰੂ-ਸਰੂਪਾਂ ਦੀ ਅਨੂਪਮ ਮਹਾਨਤਾ ਵੱਲ ਵਾਸਤਵ ਵਿਚ, ਪੰਥਕ ਤੌਰ ਤੇ ਪਿੱਠ ਕਰ ਲਈ ਹੋਈ ਹੈ ? ਇਨ੍ਹਾਂ ਦੁਬਾਜਰਿਆਂ ਦਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਮੁੱਚੇ ( ੧੧ਵੇਂ ਸਰੂਪ ਤੱਕ) ਸਰੂਪ ਨਾਲ ਦਿਲੋਂ ਇਕਸਾਰ ਪਿਆਰ ਅਤੇ ਸ਼ਰਧਾ ਬਿਲਕੁਲ ਨਹੀਂ ਹੈ**-) ਕਿਸ ਅਕੱਟ ਦਲੀਲ ਨਾਲ ਬਚ ਸਕਦੇ ਹਾਂ **?"**

ਕੀ, ਦਾਸ ਦੇ ਹਿਰਦੇ ਵਿਚ ਉਪਜਿਆ ਇਹ ਭੈ ਕਿਸੇ ਗੁਰਮਤਿ ਦਲੀਲ ਨਾਲ ਨਿਰਮੂਲ ਸਿੱਧ ਕਰੋਗੇ ਕਿ--ਸਾਡੇ ਮਨ ਵਿਚ ਹੋਰ ਹੈ ਅਤੇ ਅਸੀਂ ਕੁਹਿੰਦੇ ਕੁਝ ਹੋਰ ਹਾਂ। ਆਪਣੇ ਆਪ ਵਿਚ ਗੁਰੂ ਬਣੀ ਬੈਠਾ ਖ਼ਾਲਸਾ ਪੰਥ, ਸ੍ਰੀ ਗੁਰੂ-ਗ੍ਰੰਥ ਸਾਹਿਬ ਲਈ ਕੀ, ਕੱਚਾ ਅਥਵਾ ਬੇਇਤਬਾਰਾ ਨਹੀਂ ਬਣ ਚੁੱਕਿਆ ਹੋਇਆ ਜੀ ?--**ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥ ਜਿਨ੍ ਮਨ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ** ॥ ਲੋਕ-ਵਿਖਾਵੇ ਲਈ ਸਿੰਘ ਬਣੇ ਬੈਠੇ ਸਾਨੂੰ ਅੰਮ੍ਰਿਤ ਧਾਰੀਆਂ ਨੂੰ ਸਿੱਖ ਮੰਨਣਾ ਤਾਂ ਕਿਤੇ ਰਿਹਾ, ਦਸਮ ਸਤਿਗੁਰੂ ਨਾਨਕ ਸਾਹਿਬ--ਸ੍ਰੀ ਕਲਗੀਧਰ ਪਾਤਸ਼ਾਹ ਜੀ ਤਾਂ

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥** **ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ**

ਸਾਨੂੰ **ਪੂਰੇ ਮਰਦ** ਅਥਵਾ **ਮਨੁੱਖ** ਵੀ ਨਹੀਂ ਮੰਨ ਰਹੇ --

ਹਮੂੰ ਮਰਦ ਬਾਇਅਦ ਸ਼ਵਦ ਸੁਖ਼ਨਵਰ । ਨਾ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ।(ਜ਼ਫ਼ਰ ਨਾਮਹਿ)

**੮)** ਜੇ ਇਹ ਕਿਹਾ ਜਾਵੇ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੀ ਸਲਾਹ ਲਈ ਤਖ਼ਤਾਂ ਦੇ ਜਥੇਦਾਰਾਂ ਦੀ ਲੋੜ ਸੀ ਤਾਂ ਇਹ ਦਲੀਲ ਵੀ ਆਪਣੇ ਆਪ ਵਿਚ ਇੱਕ ਬੇਅਰਥ ਦਾ ਢੁੱਚਰ ਸਿੱਧ ਹੋ ਰਹੀ ਹੁੰਦੀ ਹੈ। ਸੰਮਤ ੧੭੬੫ ਵਿਚ ਦਸ਼ਮੇਸ਼ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰਮਤਿ ਮਸ਼ਵਰੇ ਦੇਣ ਲਈ, ਬਾਬਾ ਬਿਨੋਧ ਸਿੰਘ, ਕਾਨ੍ਹ ਸਿੰਘ, ਬਾਜ ਸਿੰਘ, ਬਿਜੈ ਸਿੰਘ ਅਤੇ ਰਾਮ ਸਿੰਘ ਪੰਜ ਸਿੰਘਾਂ ਨੂੰ ਨਾਲ ਭੇਜਿਆ ਸੀ। ਏਧਰ ਸ੍ਰੀ ਅਕਾਲਤਖ਼ਤ ਸਾਹਿਬ ਸਮੇਤ ਪਹਿਲਾਂ ਕੁੱਲ ਚਾਰ ਹੀ ਤੱਖ਼ਤ ਰਹੇ ਹਨ। ਅਤੇ ਹੁਣ ਅਜੋਕੇ ਜਥੇਦਾਰ ਸਾਹਿਬ ਨੇ ਇਨ੍ਹਾਂ ਚੌਹਾਂ ਸਿੰਘ ਸਾਹਿਬਾਨ ਦੀ ਲੋੜ ਮੁਕਾ ਕੇ, ਆਪਣੀ ਪਸੰਦ ਦੇ ਚਾਰ ਅੰਮ੍ਰਿਤ ਧਾਰੀ ਸਿੰਘਾਂ ਨੂੰ ਰਲਾ ਕੇ ਹੁਕਮਨਾਮੇ ਜਾਰੀ ਕਰਨੇ ਅਰੰਭ ਕਰ ਦਿੱਤੇ ਹੋਏ ਹਨ। ਚੌਹਾਂ ਜਥੇਦਾਰ ਸਾਹਿਬਾਨ ਸਮੇਤ ਸਾਰੇ ਪੰਥ ਵਿਚੋਂ ਇਸ ਨਵੀਂ ਮਰਯਾਦਾ ਨੂੰ ਗੁਰਮਤਿ ਵਿਰੋਧੀ ਦੱਸ ਕੇ ਜਾਰੀ ਹੋ ਰਹੇ ਹੁਕਮਨਾਮਿਆਂ ਨੂੰ ਵਿਅਰਥ ਕਿਸੇ ਨੇ ਨਹੀਂ ਆਖਿਆ। ਸੋ ਇਨ੍ਹਾਂ ਚਾਰ ਪਾਵਨ ਤਖ਼ਤਾਂ ਦੀ ਮੁਹੱਤਤਾ ਦਾ ਵੇਰਵਾ, ਇਨ੍ਹਾਂ ਚਾਰਾ ਜਥੇਦਾਰ ਸਾਹਿਬਾਨ ਵਲੋਂ ਕੀਤੀ ਜਾਂਦੀ ਪੰਥ ਦੀ ਉਚੇਚੀ ਸੇਵਾ, ਦਾ ਵੇਰਵਾ ਅਤੇ, ਜੇ ਕੇਵਲ ਇੱਕੋ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਹੁੰਦਾ ਤਾਂ ਪੰਥ ਨੂੰ ਕਿਸ ਪ੍ਰਕਾਰ ਦੀ ਘਾਟ ਪੈ ਜਾਣੀ ਸੀ ? ਪੰਥ ਦਰਦੀ ਗੁਰ ਸਿੱਖਾਂ ਦੀ ਜਾਣਕਾਰੀ ਲਈ ਗੁਰਬਾਣੀ ਸ਼ਬਦ-ਪਰਮਾਣਾ ਦੇ ਅਧਾਰ ਤੇ ਲਿਖੇ ਤਫ਼ਸੀਲੀ ਸੋਧ ਪੱਤਰ ਦੀ ਸਦਾ ਹੀ ਲੋੜ ਬਣੀ ਰਹਿੰਦੀ ਹੈ ਜੀ ।

**੯)** ਹਰਿਮੰਦਰ ਸਾਹਿਬ ਜੀ ਦੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਵਰਗਾ ਅਨੂਪਮ ਕੇਂਦਰੀ ਅਸਥਾਨ ਸਿਰਜਿਆ ਜਾਣਾ ਕਮਾਲ ਦੀ ਦੂਰਦ੍ਰਿਸ਼ਟੀ ਵਾਲੇ ਸੁਜਾਨ ਸਤਿਗੁਰਾਂ ਦੀ ਬੜੀ ਲਾਮਿਸਾਲ ਦੇਣ ਸੀ। ਧਰਮ ਸਿਖਾਉਣ ਲਈ ਧਰਮਸ਼ਾਲਾ ਬਣਾਉਣ ਵਾਲੇ ਸਤਿਗੁਰੂ ਨਾਨਕ ਸਾਹਿਬ ਜੀ ਨੇ ਇਹ ਕੇਂਦਰੀ ਅਸਥਾਨ, ਚੜ੍ਹਾਵੇ ਅਤੇ ਪੂਜਾ-ਭੇਟਾ ਦੇ ਗੁਰਮਤਿ ਵਿਰੋਧੀ ਬਹਾਨੇ ਮਾਇਆ ਠੱਗਣ ਦੇ ਅੱਡੇ ਨਹੀਂ ਸਨ ਬਣਾਏ। ਸਗੋਂ ਗੁਰਮਤਿ ਬਿਆਨ ਦਾ ਸੂਰਜ ਅਸਮਾਨੀ ਚਾੜ੍ਹਨ ਦੇ ਯਤਨਾਂ ਵਿਚ ਸਹਾਈ ਹੁੰਦੇ ਰਹਿਣ ਵਾਲੇ ਲਾਹੇਵੰਦ ਕੇਂਦਰਾਂ ਦੀ ਦੈਵੀ ਬਖ਼ਸ਼ਸ਼ ਹੋਈ ਸੀ। ਪੂਜਾ ਭੇਟਾ ਦੇ ਧਾਨ ਬਾਰੇ-- ਭਾਈ ਗੁਰਦਾਸ ਜੀ--ਵਾਰ ੩੫ ---

**ਜਿਉ ਮਿਰਜਾਦਾ ਹਿੰਦੂਆਂ ਗਊ ਮਾਸ ਅਖਾਜੁ । ਮੁਸਲਮਾਣਾ ਸੂਅਰਹੁ ਸਉਗੰਦ ਵਿਆਜੁ ।**
**ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ । ਸਹਾ ਨ ਖਾਈ ਚੂਹੜਾ ਮਾਇਆਮੁਹਤਾਜੁ ।**
**ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ । ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ । ੧੨ ।**

ਰੁਹਤਨਾਮਾ ਭਾਈ ਦੇਸਾ ਸਿੰਘ

**ਰਹਤਵੰਤ ਸਿੱਖ ਹੈ ਜੋਈ । ਕਰ ਉਪਾਇ ਧਨ ਖਾਟੈ ਜੋਈ ।**
**ਤਾਂਹੀ ਕਰ ਘਰ ਕੋ ਨਿਰਬਹੈ । ਪੂਜਾ ਭੂਲ ਨ ਕਬਹੂੰ ਗਹੈ । ੭੧ ।**

ਅਜੋਕੀ ਜਥੇਦਾਰੀ ਨੇ ਤਾਂ ਸਗੋਂ ਦਾਨ ਪ੍ਰਥਾ-ਰੂਪ ਲੁੱਟ ਨੂੰ ਬੰਦ ਕਰਕੇ ਦਸਵੰਧ, ਦੇਂਦੇ ਰਹਿਣ ਵਾਲੀ ਗੁਰਮਤਿ ਮਰਯਾਦਾ ਚਾਲੂ ਕਰਨ ਦੀ ਲੋੜ ਹੀ ਮੁਕਾ ਦਿੱਤੀ ਹੋਈ ਹੈ। ਸ਼ਾਇਦ ਉਸ ਅਖਾਜ ਖਾਂਦੇ ਰਹਿਣ ਦਾ ਹੀ ਅਸਰ ਹੈ ਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਆਪਣੇ ਇਸ਼ਟ ਦੇ ਸੇਵਾਦਰਾਂ (ਗ੍ਰੰਥੀ, ਰਾਗੀ, ਢਾਡੀ ਪਰਚਾਰਕ ਆਦਿ) ਨੂੰ ਸਿੰਘ ਸਾਹਿਬ ਰਣਜੀਤ ਸਿੰਘ ਜੀ ਰੇਡੀਉ ਤੇ ਤਨਖਾਹੀਏ ਘੋਸ਼ਤ ਕਰ ਰਹੇ ਹਨ, ਅਤੇ ਬਾਕੀ ਸਾਰੇ ਜਥੇਦਾਰ ਸਾਹਿਬਾਨ ਨੇ ਅਤੇ ਕਿਰਤੀਆਂ ਦੇ ਲਹੂ ਪਸੀਨੇ ਦੀ ਕਮਾਈ ਤੇ ਮਨ ਆਈਆਂ ਮੌਜਾ ਮਾਣ ਰਹੇ ਬਾਕੀ ਧਰਮ ਆਗੂਆਂ ਨੇ, ਆਪਣੇ ਸਤਿਗੁਰਾਂ ਦੀ ਇਸ ਘੋਰ ਬੇਅਦਬੀ ਬਾਰੇ ਹਉਕਾ ਤੱਕ ਨਹੀਂ ਭਰਿਆ। ਸਗੋਂ ਸਤਿਗੁਰਾਂ ਦੇ ਇਸ ਘੋਰ ਨਿਰਦਾਰ ਨੂੰ ਅੰਮ੍ਰਿਤ ਦਾ ਹੀ ਘੁੱਟ ਸਮਝ ਕੇ ਪੀ ਲਿਆ ਹੈ। (ਇਸ ਘੋਰ ਪਾਪ ਦੀ ਸਾਖੀ ਭਰ ਰਹੀ ਦਸੰਬਰ ੧੯੯੮ ਦੀ ਇੰਡੋ ਕੈਡੀਅਨ ਅਖ਼ਬਾਰ ਵਿਚ ਛਪੀ ਚਿੱਠੀ--ਅਤੇ ਉਸ ਦੁਖਦਾਈ ਭਾਸ਼ਨ ਦੀ ਟੇਪ ਨਿਰਸੰਦੇਹ ਤੁਸਾਂ ਵੀ ਪੜ੍ਹੀ-ਸੁਣੀ ਹੈ )

ਪੰਥ ਨੂੰ ਨਿਰੰਤਰ ਗੁਰਮਤਿ ਅਨੁਸਾਰ ਸੋਧਾਂ ਦੇਂਦੇ ਰਹਿ ਕੇ ਮਨੁੱਖਤਾ ਦੀ ਕਾਇਆਂ ਕਲਪ ਕਰਨ ਦੇ ਸਮਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦੇ ਪਰਚਾਰ ਦਾ ਸੋਮਾ ਬਣਾਈ ਰੱਖਣ ਦੀ ਸੱਧਰ ਨਾਲ ਹੀ ਸਤਿਗੁਰਾਂ ਨੇ ਇਹ ਮਹਾਂਨ ਕੇਂਦਰੀ (ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲਤਖ਼ਤ ਸਾਹਿਬ ਦੇ ਅਦੁਤੀ ਸੁਮੇਲ ਵਾਲਾ) ਅਸਥਾਨ ਸਥਾਪਤ ਕੀਤਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਦਾ ਫ਼ੌਰੀ ਚਮਤਕਾਰ ਲੋਕਾਂ ਨੇ ਝਟ-ਪਟ ਹੀ ਵੇਖ ਲਿਆ ਸੀ। ਸਰਕਾਰੀ ਪਿਆਦੇ ਦੇ ਆਉਣ ਦੀ ਸੋ ਸੁਣਦਿਆਂ ਸਾਰ, ਪਿੰਡਾਂ ਦੇ ਸਾਰੇ ਵਸਨੀਕ ਸਾਹ ਘੁਟ ਕੇ ਅੰਦਰੀਂ ਲੁਕ ਜਾਣ ਵਿਚ ਸਲਾਮਤੀ ਮੰਨ ਚੁੱਕੇ ਹੋਏ ਸਨ । ਪਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਛਤਰ-ਛਾਇਆ ਹੇਠ ਆਏ ਗੁਰਸਿੱਖਾਂ ਨੇ ਹੱਥਾਂ ਵਿਚ ਸ਼ਸਤ੍ਰ ਫੜ ਲਏ ਅਤੇ ਮੁਗ਼ਲ-ਸ਼ਾਹੀ ਫੌਜਾਂ ਨੂੰ ਚਾਰ ਵਾਰੀ ਬੁਥਾੜ ਭੰਨਵੀਂਆਂ ਭਾਜੜਾਂ ਪਾਈਆਂ। ਇਸ ਦੋ-ਧਾਰੇ ਮਹਾਨ ਕੇਂਦਰ ਦੀ ਮਹਾਨਤਾ ਸੰਸਾਰ ਭਰ ਲਈ ਤੀਰਥ ਅਸਥਾਨ ਬਣ ਚੁੱਕੀ ਹੋਣੀ ਸੀ, ਜੇ ਇਸ ਥਾਂ ਦੇ ਮੁਖ ਪ੍ਰਬੰਧਕ ਆਪਣੇ ਗੁਰਮਤਿ-ਫ਼ਰਜ਼ ਨੂੰ ਪਛਾਣੀ ਰੱਖਦੇ। ਤਾਂ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਾਹਿਬ ਨੇ ਸੁਚੇਤ ਰਹਿੰਦਿਆਂ ਅਜੇਹੇ ਸੋਧ ਪੱਤਰ ਜਾਰੀ ਕਰਦੇ ਰਿਹਾ ਕਰਨੇ ਸਨ ਜਿਨ੍ਹਾਂ ਤੋਂ ਗੁਰਮਤਿ ਵਿਰੋਧੀ ਕਲਮ ਚਲਾਉਣ ਵਾਲਿਆਂ ਨੂੰ, ਅਥਵਾ ਪੰਥਕ ਮਰਯਾਦਾ ਦੇ ਹੁੰਦਿਆਂ ਆਪਣੀ ਨਿੱਜੀ ਮਰਯਾਦਾ ਬਣਾ ਬੈਠਣ ਵਾਲਿਆਂ ਨੂੰ ਸਿੱਧੇ ਗੁਰਮਤਿ ਗਾਡੀ ਰਾਹ ਤੇ ਤੁਰੇ ਰਹਿਣ ਦੀ **ਸੋਧ** ਅਥਵਾ **ਚਿਤਾਵਣੀ** ਨਾਲੋ ਨਾਲ ਮਿਲਦੀ ਰਹਿੰਦੀ। ਗੁਰੂ ਗ੍ਰੰਥ ਸਾਹਿਬ ਦੀ ਲਾਮਿਸਾਲ ਅਗਵਾਈ ਤੋਂ ਪੰਥ ਦੇ ਹਰ ਬੱਚੇ ਬੱਚੀ ਨੂੰ ਜਾਣੂੰ ਕਰਵਾਈ ਰੱਖਣ ਦੇ ਪ੍ਰਬੰਧ ਬਣਵਾਈ ਰਖਣਾ ਹਰਿਮੰਦਰ ਸਾਹਿਬ ਦੇ ਗ੍ਰੰਥੀ ਜੀ ਦਾ ਪਰਮੁੱਖ ਫ਼ਰਜ਼ ਬਣਿਆਂ ਰਹਿਣਾ ਚਾਹੀਦਾ ਸੀ । ਸ੍ਰੀ ਅਕਾਲ ਤਖ਼ੰਤ ਸਾਹਿਬ ਜੀ ਦੇ ਮੁੱਖ ਸੇਵਾਦਾਰ ਜੀ, ਅਜੇਹੇ ਸੁਚੇਤ ਗੁਰਮਖਿ ਸੱਜਣ ਹੋੜਯ ਚਧਹੀਦਯ ਸਨ ਜਿਹੜੇ ਪੰਥ ਵਿਚ ਦਰਾੜ ਪੈਦਾ ਕਰਨ ਵਾਲੇ ਹਰ ਮਸਲੇ ਨੂੰ ਤੁਰੰਤ ਹੱਲ

ਕਰ ਲਿਆ ਕਰਦੇ। ਇਨ੍ਹਾਂ ਦੋਹਾਂ ਪਦਵੀਆਂ ਤੇ ਕੇਵਲ ਉਨ੍ਹਾਂ ਹੀ ਗੁਰਮੁਖਾਂ ਦੀ ਨਿਯੁਕਤੀ ਹੁੰਦੀ ਰਹਣੀ ਚਾਹੀਦੀ ਸੀ, ਜੋ ਆਪ ਹਰ ਪੱਖੋਂ ਗੁਰਮਤਿ ਦੇ ਗਿਆਤਾ ਅਤੇ ਦੂਜਿਆਂ ਨੂੰ ਗੁਰਮਤਿ ਗਿਆਨ ਸਮਝਾਉਣ ਵਿਚ ਪੂਰੀ ਤਰ੍ਹਾਂ ਨਿਪੁੰਨ ਹੁੰਦੇ। ਇਨ੍ਹਾਂ ਦੋਹਾਂ ਪਦਵੀਆਂ ਤੇ, ਬੜੇ ਮਿਠਬੋਲੇ, ਹਰ ਤਰ੍ਹਾਂ ਦੀਆਂ ਧਾਰਮਿਕ ਅਤੇ ਸਮਾਜੀ ਉਲਝਣਾ ਨੂੰ ਬੜੇ ਸੁਚੱਜੇ ਢੰਗ ਨਾਲ ਸੁਲਝਾ ਕੇ ਪੰਥ ਵਿਚ ਭਰਾਤਰੀ ਪ੍ਰੇਮ ਪਿਆਰ ਬਣਾਈ ਰੱਖਣ ਵਾਲੇ, ਤਿਆਗੀ ਸੁਭਾਵ ਅਤੇ ਨਿਰਮਾਣ ਵਤੀਰੇ ਵਾਲੇ ਗੁਰਮੁਖ ਸੱਜਣ ਹੋਣੇ ਜ਼ਰੂਰੀ ਸ਼ਰਤ ਬਣ ਗਈ ਹੁੰਦੀ। ਇਨ੍ਹਾਂ ਪਾਵਨ ਅਸਥਾਨਾਂ ਤੇ ਕੇਵਲ ਨਿਯੁਕਤੀ ਨਹੀ, ਸਗੋਂ ਉਨ੍ਹਾਂ ਦੀ ਆਪਣੀ ਵਿਦਵਤਾ, ਉਨ੍ਹਾਂ ਦਾ ਆਪਣਾ **ਨਿਸ਼ਕਾਮ-ਸੇਵਾ-ਭਾਵ** ਅਤੇ ਸਰਬ ਸਾਂਝਾ ਮਿੱਠਾ ਵਤੀਰਾ ਹੀ ਉਨ੍ਹਾਂ ਦੀ ਆਨ ਸ਼ਾਨ ਅਤੇ ਇੱਜਤ ਮਾਣ ਦਾ ਪ੍ਰਤੀਕ ਬਣਦਾ । ਖਿਮਾ ਕਰਨਾ ਜੀ- ਅੱਜ ਜੋ ਕੁਝ ਹੋ ਰਿਹਾ ਹੈ ਉਸ ਸਾਰੇ ਕੁਝ ਦਾ ਰੋਣਾ ਲੈ ਬੈਠੀਏ ਤਾਂ ਅੱਡਰੀ ਪੁਸਤਕ ਹੀ ਲਿਖਣੀ ਪੈ ਜਾਣੀ ਹੈ। ਸੋ ਚੁੱਪ ਹੀ ਭਲੀ । ਅਜੇਹੇ ਸਮੇਂ ਉਰਦੂ ਦੇ ਸ਼ਾਇਰ ਦਾ ਇਹ ਕਥਨ---**ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ਼ ਸੇ**-- ਆਪਣੇ ਆਪ ਜ਼ਬਾਨ ਤੇ ਆ ਟਿਕਦਾ ਹੈ।

**੧੦)** ਸਤਿਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਨ ਹੈ--**ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰ ਨ ਪਾਵੈ**---ਦਾਸ ਅਸੀਹਾਂ ਦੇ ਨੇੜੇ ਪੁੱਜ ਚੁੱਕਾ ਹੈ। ਇਸ ਪੱਤਰ ਵਿਚ ਨਿਰਸੰਦੇਹ ਬੜੀਆਂ ਭੁੱਲਾਂ ਕੀਤੀਆਂ ਹਨ। ਤੁਸੀ ਉਦਾਰ ਚਿੱਤ ਵਿਦਵਾਨ ਮਿਠਬੋਲੜੇ ਨੌਜਵਾਨ ਗੁਰ ਸਿੱਖ ਹੋ । ਵ਼ਵ਼ਵ਼ਵ਼ਵ਼ਵ਼ਵ਼ਵ਼ਪੱਕਾ ਯਕੀਨ ਹੈ ਕਿ ਆਪ ਜੀ ਸਤਿਗੁਰਾਂ ਦੇ ਇਸ ਗੁਰੂ ਫ਼ੁਰਮਾਨ ਤੋਂ ਵੀ ਸੁਚੇਤ ਹੋ---**ਕਠਨ ਕਰੋਧ ਘਟ ਹੀ ਕੇਭੀਤਰ ਜਿਹ ਸੁਧਿ ਸ ਬਿਸਰਾਈ ॥ ਰਤਨ ਗਿਆਨੁ ਸਭ ਕੋ ਹਿਰ ਲੀਨਾ ਤਾ ਸਿਉ ਕਛੁ ਨਾ ਬਸਾਈ ॥ ੧ ॥** ਜਲਾਲ ਵਿਚ ਆਉਣ ਨਾਲੋਂ ਮਾਨਸਕ ਰੋਗਾਂ ਤੋਂ ਪੀੜਤ ਇਸ ਬਿਰਧ ਤੇ ਤਰਸ ਖਾਂਦਿਆਂ ਮਿਹਰ ਅਤੇ ਖਿਮਾਂ ਦੇ ਘਰ ਵਿਚ ਹੀ ਬਿਰਾਜੇ ਰਹਿਣਾ, ਜੀਓ ਜੀ।

ਗੁਰਮਤਿ ਅਨੁਸਾਰ ਜੀਵਨ ਜੀਉਂ ਰਹੇ ਗੁਰਮੁਖਾਂ ਦੇ ਚਰਨਾਂ ਦੀ ਧੂੜ--ਦਾਸਰਾ

ਗੁਰਬਖ਼ਸ਼ ਸਿੰਘ (ਕਾਲਾ ਅਫ਼ਗਾਨਾ)

[ ਜ਼ਰਾ ਵੀ ਸ਼ੱਕ ਕਰਨ ਦੀ ਗੁੰਜਾਇਸ਼ ਨਹੀਂ ਹੈ ਕਿ, ਇਸ ਨਿਮਾਣੀ ਚਿੱਠੀ ਨੂੰ ਪੜ੍ਹਦਿਆਂ ਹੀ ਤੁਸਾਂ ਉੱਤਰ ਲਿਖਣ ਦਾ ਜਾਂ ਨਾ ਲਿਖਣ ਦਾ ਮਨ ਬਣਾ ਲੈਣਾ ਹੈ। ਸੋ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਕਮਜ਼ੋਰ ਸਰੀਰ ਵਾਲੇ ਬਿਰਧ ਨੂੰ ਐਵੇਂ ਕਈ ਮਹੀਨੇ ਉਡੀਕ ਕਰਨ ਉਪਰੰਤ ਜੇ ਤੁਸਾਂ ਵੀ ਚੁੱਪ ਹੀ ਸਾਧ ਲੈਣ ਦਾ ਨਿਰਣਾ ਕਰ ਲਿਆ ਤਾਂ ਨਿਰਾਸ ਹੋਣ ਦੇ ਕਸ਼ਟ ਤੋਂ ਬਚਾਉਣ ਦਾ ਉਪਕਾਰ ਕਰਦੇ ਹੋਏ, ਨਾਲ ਭੇਜੇ ਖ਼ਾਲੀ ਲਫਾਫ਼ੇ ਵਿਚ ਇਸ ਪੱਤਰ ਨੂੰ ਮੁੜਦੀ ਡਾਕੇ ਦਾਸ ਵੱਲ ਤੋਰ ਦੇਣਾ ਜੀ]

**ਸਭਨਾ ਮਨ ਮਾਣਿਕ, ਠਾਹਣੁ ਮੂਲਿ ਮਚਾਂਗਵਾ ॥**
**ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀਦਾ ॥ ੧੩੦ ॥**